# ਪ੍ਰਧਾਨ ਮੰਤਰੀ ਦੀ ਪ੍ਰਸਿੱਧ ਯੂਨਾਨੀ ਖੋਜਕਾਰ ਅਤੇ ਸੰਗੀਤਕਾਰ ਕੋਨਸਟੇਂਟਿਨੋਸ ਕਲੈਤਜ਼ਿਸ ਨਾਲ ਮੁਲਾਕਾਤ

25 ਅਗਸਤ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 25 ਅਗਸਤ 2023 ਨੂੰ ਏਥਨਜ਼ ਵਿੱਚ ਇੱਕ ਯੂਨਾਨੀ ਖੋਜਕਾਰ, ਸੰਗੀਤਕਾਰ ਅਤੇ ਭਾਰਤ ਦੇ ਮਿੱਤਰ ਮਿਸਟਰ ਕੋਨਸਟੇਂਟਿਨੋਸ ਕਲੈਤਜ਼ਿਸ ਨਾਲ ਮੁਲਾਕਾਤ ਕੀਤੀ।

2. ਪ੍ਰਧਾਨ ਮੰਤਰੀ ਨੇ ਮਿਸਟਰ ਕੋਨਸਟੇਂਟਿਨੋਸ ਕਲੈਤਜ਼ਿਸ ਦੇ ਭਾਰਤ ਪ੍ਰਤੀ ਸਨੇਹ ਸਮੇਤ ਭਾਰਤੀ ਸੰਗੀਤ ਅਤੇ ਨ੍ਰਿਤ ਪ੍ਰਤੀ ਉਨ੍ਹਾਂ ਦੇ ਜਜ਼ਬੇ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ 27 ਨਵੰਬਰ 2022 ਨੂੰ "ਮਨ ਕੀ ਬਾਤ" ਦੇ 95ਵੇਂ ਸੰਸਕਰਨ ਦੌਰਾਨ ਉਨ੍ਹਾਂ ਬਾਰੇ ਜ਼ਿਕਰ ਕੀਤਾ ਸੀ।

3. ਉਨ੍ਹਾਂ ਨੇ ਗ੍ਰੀਸ ਵਿੱਚ ਭਾਰਤੀ ਸੱਭਿਆਚਾਰ ਨੂੰ ਹੋਰ ਪ੍ਰਚਲਿਤ ਕਰਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ।

**ਏਥਨਜ਼**
**25 ਅਗਸਤ, 2023**